


ਅੰਕ ੦੨ ਤਿਮਾਹੀ

# ਘੁਮੱਕੜਨਾਮਾ



Reg. No. UDAYAM-PB-13-0002616

# ਘੁਮੱਕੜਨਾਮਾ

## ਅੰਕ - 2

॥ ਜਹ ਜਾਈਐ ਤਹਾ ਸੁਹੇਲੇ ॥


| | |
|---|---|
| ਸੰਪਾਦਕ | ਬੂਟਾ ਸਿੰਘ |
| ਸੰਪਾਦਕੀ ਮੰਡਲ | ਹਰਜਿੰਦਰ ਅਨੂਪਗੜ੍ਹ<br>ਜਗਦੇਵ ਸਿੰਘ<br>ਕੁਲਦੀਪ ਸਿੰਘ<br>ਬਲਦੇਵ ਕੁਰਾਈਵਾਲਾ<br>ਸਿਮਰਨਜੀਤ ਕੌਰ<br>ਆਕਾਸ਼ (ਮੋਹ)<br>ਗੁਰਪ੍ਰੀਤ ਪਿਸ਼ੌਰ |
| ਸਲਾਹਕਾਰ ਮੰਡਲ | ਮਨਮੋਹਨ ਬਾਵਾ<br>ਜਸ ਮੰਡ<br>ਜਗਤਾਰ ਮਿਸਤਰੀ<br>ਅਮਨ ਮਿੱਡਾ |
| ਪ੍ਰਬੰਧਕ | ਸਿਮਰਨਜੀਤ ਕੌਰ । ਬੂਟਾ ਬੁੱਕ ਸੈਂਟਰ |
| ਲੇਆਊਟ | ਪਟਿਆਲਾ ਕੰਪਿਊਟਰ, ਪਟਿਆਲਾ<br>98557-08204, 99159-79774 |


| | |
|---|---|
| ਸੰਪਰਕ | ਬੂਟਾ ਬੁੱਕ ਸੈਂਟਰ, ਪੰਜਾਬ ਕਲਾ ਭਵਨ, ਸੈਕਟਰ-16ਬੀ,<br>ਚੰਡੀਗੜ੍ਹ, ਪੰਜਾਬ - 160015<br>ਮੋ.ਨੰ. +91-7307780469,<br>Email: ghumakkadnama5@gmail.com |
| ਪ੍ਰਕਾਸ਼ਕ | The Brook Publication<br>thebrookpublication@gmail.com |
| ISBN | 978-81-958333-6-8 |
| Distributor | ਬੂਟਾ ਬੁੱਕ ਸੈਂਟਰ (ਚੰਡੀਗੜ੍ਹ) |
| ਕੀਮਤ | ਰੁਪਏ 200/- |

# ਤਤਕਰਾ

ਸੰਪਾਦਕੀ 5

ਪਹਿਲੇ ਅੰਕ ਬਾਰੇ ਘੁਮੱਕੜਾਂ ਦੀਆਂ ਚਿੱਠੀਆਂ
ਚਿੱਠੀ ਨੰ. - 1 — ਜ਼ਗਤਾਰ ਮਿਸਤਰੀ 7
ਚਿੱਠੀ ਨੰ. - 2 — ਜੱਸ ਮੰਡ 9
ਚਿੱਠੀ ਨੰ. - 3 — ਗੁਰਪ੍ਰੀਤ ਸਿੰਘ ਜਗਰਾਉਂ 10

ਕੁਝ ਘੁਮੱਕੜੀ ਬਾਰੇ 11
— ਮਨਮੋਹਨ ਬਾਵਾ

ਇਕ ਰਾਤ 16
— ਮਨਮੋਹਣ ਬਾਵਾ

ਮਨਮੋਹਨ ਬਾਵਾ ਦੀ ਸਵੈ-ਜੀਵਨੀ : 'ਮੈਂ ਤੇ ਮੇਰਾ ਸਮਾਂ' 22
— ਸੁਕੀਰਤ

ਦੋਸਤ ਨਿਗ੍ਹਾਬਾਨ 24
— ਜਸ ਮੰਡ

ਕੀਮਤੀ ਤੋਹਫ਼ਾ 27
— ਜਗਤਾਰ ਮਿਸਤਰੀ

ਮੈਂ ਕੀ ਸੋਚਦਾਂ ਸ. ਮਨਮੋਹਨ ਸਿੰਘ ਬਾਵਾ ਜੀ ਬਾਰੇ... 29
—ਸੁੱਖਪ੍ਰੀਤ ਸਿੰਘ

ਸਫ਼ਰਨਾਮਾ ਕਿਵੇਂ ਲਿਖੀਏ? 31
— ਡਾ. ਹਰਜਿੰਦਰ ਸਿੰਘ

ਨਾ ਲਾਈਟ, ਨਾ ਕਾਰ, ਨਾ ਹੁੰਦੀ ਹੈ ਕਾਲ-ਉੱਚਾ ਪਹਾੜੀ ਪਿੰਡ ਹੈ ਬੜਾ ਬੰਗਾਲ 37
— ਸੁਖਪ੍ਰੀਤ ਸਿੰਘ ਆਰਟਿਸਟ

ਸਾਲ 1981 43
— ਜਗਤਾਰ ਮਿਸਤਰੀ

Hitchhiking 45
— ਅਮਨ ਮਿੱਡਾ

ਪ੍ਰੇਰਨਾ 50
— ਅਰਸ਼ਦੀਪ ਸਿੰਘ

# ਸਫ਼ਰਨਾਮਾ ਕਿਵੇਂ ਲਿਖੀਏ?

'ਸਫ਼ਰਨਾਮਾ' ਆਧੁਨਿਕ ਸਾਹਿਤ ਦੀ ਬਹੁ-ਪਾਸਾਰੀ ਤੇ ਬਹੁ-ਚਰਚਿਤ ਵਾਰਤਕ ਵਿਧਾ ਵਜੋਂ ਪਛਾਣ ਰੱਖਦਾ ਹੈ। ਪੰਜਾਬੀ ਸਾਹਿਤ ਜਗਤ ਵਿਚ 'ਸਫ਼ਰਨਾਮੇ' ਨੂੰ ਵਿਧਾਗਤ ਰੂਪ ਵਿਚ ਹੋਂਦ ਗ੍ਰਹਿਣ ਕੀਤਿਆਂ ਭਾਵੇਂ ਬਹੁਤਾ ਸਮਾਂ ਨਹੀਂ ਹੋਇਆ, ਪਰ ਇਸ ਦੇ ਬਾਵਜੂਦ ਇਹ ਆਧੁਨਿਕ ਪੰਜਾਬੀ ਸਾਹਿਤ ਜਗਤ ਵਿਚ ਹਰਮਨ-ਪਿਆਰੀ ਵਿਧਾ ਵਜੋਂ ਮਕਬੂਲ ਹੈ। ਹਰ ਸਾਹਿਤ ਵਿਧਾ ਦੀ ਸੁਤੰਤਰ ਤੇ ਵਿਲੱਖਣ ਸਾਹਿਤਕ ਹੋਂਦ ਉਸ ਦੀਆਂ ਸਿਰਜਨਾਤਮਕ ਰੀਤੀਆਂ 'ਤੇ ਨਿਰਭਰ ਕਰਦੀ ਹੈ। ਇਨ੍ਹਾਂ ਸਿਰਜਨਾਤਮਕ ਰੀਤੀਆਂ ਜਾਂ ਤੱਤਾਂ ਦੀ ਪਛਾਣ ਅਤੇ ਸਮਝ ਉਸ ਵਿਧਾ ਦੇ ਸਿਰਜਨਾਤਮਕ ਆਭਾ-ਮੰਡਲ ਨੂੰ ਸਮਝਣ ਲਈ ਦ੍ਰਿਸ਼ਟੀ ਪ੍ਰਦਾਨ ਕਰਦੀ ਹੈ। ਇਸ ਪਰਿਪੇਖ ਵਿਚ ਸਫ਼ਰਨਾਮਾ ਵਿਧਾ ਨੂੰ ਵਿਚਾਰਿਆਂ ਸਪੱਸ਼ਟ ਹੁੰਦਾ ਹੈ ਕਿ ਸਫ਼ਰਨਾਮਾ ਵਿਧਾ ਦੀਆਂ ਵੀ ਆਪਣੀਆਂ ਕੁਝ ਵਿਸ਼ੇਸ਼ ਰੀਤੀਆਂ ਜਾਂ ਤੱਤ ਹਨ ਜਿਨ੍ਹਾਂ ਦੇ ਆਧਾਰ 'ਤੇ ਇਸ ਦੀ ਵੱਖਰੀ ਪਛਾਣ ਸਥਾਪਤ ਹੁੰਦੀ ਹੈ। 'ਸਫ਼ਰਨਾਮਾ' ਬਹੁਤ ਸਾਰੀਆਂ ਵਾਰਤਕ ਵਿਧਾਵਾਂ ਜਿਵੇਂ ਜੀਵਨੀ, ਸਵੈ-ਜੀਵਨੀ, ਨਿਬੰਧ, ਰੇਖਾ-ਚਿਤਰ, ਸੰਸਮਰਣ, ਡਾਇਰੀ ਆਦਿ ਨੂੰ ਆਪਣੇ ਕਲੇਵਰ ਵਿਚ ਸਮਾਉਣ ਕਰਕੇ ਬਹੁ-ਵਿਧਾਈ ਵਿਧਾ ਵਜੋਂ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ।

'ਸਫ਼ਰਨਾਮਾ' ਅੰਗਰੇਜ਼ੀ ਭਾਸ਼ਾ ਦੇ ਸ਼ਬਦ 'Travelogue' ਦਾ ਸਮਾਨਾਰਥਕ ਹੈ। ਪੰਜਾਬੀ ਭਾਸ਼ਾ ਦਾ 'ਸਫ਼ਰਨਾਮਾ' ਸ਼ਬਦ 'ਸਫ਼ਰ' + 'ਨਾਮਾ' ਦੇ ਸੁਮੇਲ ਤੋਂ ਬਣਿਆ ਹੈ। 'ਸਫ਼ਰ' ਸ਼ਬਦ ਅਰਬੀ ਭਾਸ਼ਾ ਦਾ ਹੈ, ਇਸ ਦਾ ਅਰਥ 'ਯਾਤਰਾ' ਜਾਂ 'ਮੁਸਾਫ਼ਰੀ' ਹੈ। 'ਨਾਮਾ' ਸ਼ਬਦ ਫ਼ਾਰਸੀ ਭਾਸ਼ਾ ਦਾ ਹੈ, ਇਸ ਦਾ ਅਰਥ 'ਚਿੱਠੀ' ਜਾਂ 'ਖ਼ਤ' ਹੈ। ਇਉਂ ਇਨ੍ਹਾਂ ਸ਼ਬਦਾਂ ਦੇ ਅਰਥਾਂ ਦੀ ਲੋਅ ਵਿਚ ਕਿਹਾ ਜਾ ਸਕਦਾ ਹੈ ਕਿ ਸਫ਼ਰਨਾਮਾ ਕਿਸੇ ਮੁਸਾਫ਼ਿਰ ਜਾਂ ਯਾਤਰੀ ਵੱਲੋਂ ਕੀਤੀ ਗਈ ਯਾਤਰਾ ਦਾ ਬਿਰਤਾਂਤ ਹੁੰਦਾ ਹੈ, ਜਿਸਨੂੰ ਉਹ ਕਿਸੇ ਚਿੱਠੀ, ਖ਼ਤ ਜਾਂ ਪੁਸਤਕ ਵਿਚ ਬਿਆਨਦਾ ਹੈ। ਪੰਜਾਬੀ ਸਾਹਿਤ ਜਗਤ ਵਿਚ 'ਸਫ਼ਰਨਾਮਾ' ਸ਼ਬਦ ਨੂੰ ਅਪਣਾਏ ਜਾਣ ਤੋਂ ਪਹਿਲਾਂ ਇਹ ਸ਼ਬਦ ਫ਼ਾਰਸੀ ਅਤੇ ਉਰਦੂ ਭਾਸ਼ਾ ਵਿਚ ਪ੍ਰਚਲਿਤ ਰਿਹਾ ਹੈ।

ਅਜੋਕੇ ਦੌਰ ਵਿਚ ਭਾਵੇਂ 'ਯਾਤਰਾ' ਸ਼ਬਦ ਦੀ ਵਰਤੋਂ ਵੀ ਕੀਤੀ ਜਾਂਦੀ ਹੈ ਪਰੰਤੂ 'ਸਫ਼ਰਨਾਮਾ' ਸ਼ਬਦ ਵਧੇਰੇ ਪ੍ਰਚਲਿਤ ਹੋ ਗਿਆ ਹੈ। ਪੰਜਾਬੀ ਲੋਕਧਾਰਾ ਅਤੇ ਸੱਭਿਆਚਾਰ ਦੇ ਅੰਤਰਗਤ 'ਯਾਤਰਾ' ਸ਼ਬਦ ਨੂੰ ਕਿਸੇ ਧਾਰਮਿਕ ਸਥਾਨ ਦੇ ਦਰਸ਼ਨ ਲਈ ਵਰਤਿਆ ਜਾਂਦਾ ਹੈ, ਪਰ ਸਾਹਿਤਕ ਹਲਕਿਆਂ ਵਿਚ 'ਸਫ਼ਰ' ਅਤੇ 'ਯਾਤਰਾ'

ਸ਼ਬਦ ਨੂੰ ਲੈ ਕੇ ਕੋਈ ਮਤਭੇਦ ਨਹੀਂ ਹੈ। ਇਨ੍ਹਾਂ ਸ਼ਬਦਾਂ ਨੂੰ ਸਮਾਨਾਰਥਕ ਹੀ ਪ੍ਰਵਾਨਿਆ ਜਾਂਦਾ ਹੈ, ਜਿਨ੍ਹਾਂ ਦਾ ਵਾਸਤਵਿਕ ਅਰਥ ਇਕ ਭੂਗੋਲਿਕ ਖਿੱਤੇ ਤੋਂ ਦੂਜੇ ਭੂਗੋਲਿਕ ਖਿੱਤੇ 'ਚ ਜਾਣ ਦੀ ਕਿਰਿਆ ਹੈ। ਮੁਢਲੇ ਦੌਰ ਦੇ ਪੰਜਾਬੀ ਸਾਹਿਤ ਵਿਚ ਯਾਤਰਾ ਜਾਂ ਸਫ਼ਰ-ਸਾਹਿਤ ਲਈ ਸਫ਼ਰਨਾਮਾ, ਯਾਤਰਾ, ਉਦਾਸੀ, ਰਟਨ, ਸੈਲ, ਫੇਰੀ, ਚੱਕਰ, ਸੈਰ, ਟ੍ਰੈਵਲਜ਼ ਜਾਂ ਟ੍ਰੈਵਲੌਗਜ਼ ਆਦਿ ਸ਼ਬਦਾਂ ਦੀ ਵਰਤੋਂ ਵੀ ਕੀਤੀ ਜਾਂਦੀ ਰਹੀ ਹੈ ਪਰੰਤੂ ਅਜੋਕੇ ਦੌਰ ਵਿਚ 'ਯਾਤਰਾ' ਜਾਂ 'ਸਫ਼ਰਨਾਮਾ' ਸ਼ਬਦ ਦੀ ਵਰਤੋਂ ਹੀ ਕੀਤੀ ਜਾਂਦੀ ਹੈ।

'ਸਫ਼ਰਨਾਮਾ' ਦਾ ਪ੍ਰੇਰਨਾ ਸਰੋਤ ਬੇਸ਼ੱਕ ਮਨੁੱਖ ਦੀ ਜਗਿਆਸਾ ਤੇ ਨਵੀਨਤਾ ਦੀ ਖੋਜ ਦੀ ਮੂਲ ਮਨੋਬਿਰਤੀ ਹੈ, ਪਰੰਤੂ ਇਸ ਦਾ ਪਾਸਾਰ ਵਿਸ਼ਾਲ ਚਿਤਰਪਟ ਵਾਲਾ ਹੁੰਦਾ ਹੈ। "ਇਹ ਸਵੈ-ਜੀਵਨੀ, ਸੰਸਮਰਨ, ਨਿਬੰਧ ਵਰਗੇ ਸਾਹਿਤ ਰੂਪਾਂ ਨੂੰ ਇੱਕੋ ਥਾਂ ਸਮੋ ਕੇ ਇਕ ਨਵੀਂ ਸਾਹਿਤਕ ਸਿਰਜਣਾ ਕਰਦਾ ਹੈ। ਪਾਠਕ ਨੂੰ ਦੋ ਸੰਸਕ੍ਰਿਤੀਆਂ ਦਾ ਤੁਲਨਾਤਮਿਕ ਬੋਧ ਕਰਵਾਉਂਦਾ ਹੈ। ਵਿਸ਼ੇਸ਼ ਸਾਹਿਤਕ ਸ਼ੈਲੀ ਦੁਆਰਾ ਪਾਠਕ ਦੀ ਸੂਹਜ-ਭੁੱਖ ਦੀ ਤ੍ਰਿਪਤੀ ਕਰਵਾਉਂਦਾ ਹੈ। ਇਸ ਤਰ੍ਹਾਂ ਲੇਖਕ ਦੇ ਵਿਅਕਤੀਤਵ ਦੀ ਸੰਵੇਦਨਸ਼ੀਲਤਾ, ਬੌਧਿਕ-ਪ੍ਰੌੜ੍ਹਤਾ ਅਤੇ ਰਸਿਕ ਮਨੋਵਿਰਤੀ ਹੀ ਸਫ਼ਰਨਾਮੇ ਦੀ ਵਸਤੂ ਸਮੱਗਰੀ ਨੂੰ ਵਿਸ਼ੇਸ਼ ਰਚਨਾਤਮਿਕ ਸੁਭਾਅ ਪ੍ਰਦਾਨ ਕਰਦੀ ਹੈ।"[1] ਇਸ ਰਚਨਾਤਮਕ ਵਸਤੂ ਸਮੱਗਰੀ ਦੇ ਅੰਤਰਗਤ ਲੇਖਕ ਦੁਆਰਾ ਕਿਸੇ ਵਿਸ਼ੇਸ਼ ਭੂਗੋਲਿਕ ਖਿੱਤੇ ਦੀ ਯਾਤਰਾ ਦੌਰਾਨ ਹੋਏ ਅਨੁਭਵਾਂ ਦੇ ਨਾਲ-ਨਾਲ ਉਥੋਂ ਦੀ ਵਿਸ਼ੇਸ਼ ਜੀਵਨ-ਜਾਚ, ਭੂਗੋਲਿਕ ਵਾਤਾਵਰਨ, ਸਮਾਜਿਕ, ਆਰਥਿਕ, ਧਾਰਮਿਕ, ਰਾਜਨੀਤਿਕ ਅਤੇ ਸਭਿਆਚਾਰਕ ਸਰੋਕਾਰਾਂ ਨੂੰ ਆਲੋਚਨਾਤਮਕ ਦ੍ਰਿਸ਼ਟੀ ਤੋਂ ਵਿਚਾਰਿਆ ਜਾਂਦਾ ਹੈ। ਇਉਂ 'ਸਫ਼ਰਨਾਮਾ' ਲੇਖਕ ਦੇ ਨਿੱਜਤਵ ਦੇ ਮਾਧਿਅਮ ਰਾਹੀਂ ਕਿਸੇ ਵਿਸ਼ੇਸ਼ ਭੂਗੋਲਿਕ ਖਿੱਤੇ ਦਾ ਬਹੁ-ਪੱਖੀ ਅਧਿਐਨ-ਵਿਸ਼ਲੇਸ਼ਣ ਪ੍ਰਸਤੁਤ ਕਰਦਾ ਹੈ।

ਸਫ਼ਰਨਾਮਾ ਵਿਧਾ ਦੇ ਸਰੂਪ ਅਤੇ ਸਿਰਜਨ ਪ੍ਰਕਿਰਿਆ ਸਬੰਧੀ ਨਾ ਤਾਂ ਕੋਈ ਪੱਕਾ-ਪੀਡਾ ਤੇ ਅੰਤਿਮ ਚੌਖਟਾ ਨਿਰਧਾਰਤ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਕੋਈ ਸ਼ਾਸਤਰ ਨਿਸ਼ਚਿਤ ਕੀਤਾ ਜਾ ਸਕਦਾ ਹੈ। ਕਿਉਂਕਿ ਅਜਿਹਾ ਕਰਨਾ ਇਸ ਬਹੁ-ਪਰਿਪੇਖੀ ਵਿਧਾ ਨੂੰ ਇਕ ਦਾਇਰੇ ਵਿਚ ਸੀਮਤ ਕਰਨਾ ਹੋਵੇਗਾ ਪਰੰਤੂ ਇਸ ਵਿਧਾ ਨੂੰ ਸਿਰਜਨ ਅਤੇ ਦੂਜੀਆਂ ਸਾਹਿਤਕ ਵਿਧਾਵਾਂ ਤੋਂ ਨਿਖੇੜਨ ਲਈ ਇਸ ਵਿਧਾ ਦੀ ਸਿਰਜਨਾ ਦਾ ਆਧਾਰ ਬਣਦੇ ਤੱਤਾਂ ਦੀ ਨਿਸ਼ਾਨਦੇਹੀ ਕਰਨਾ ਲਾਜ਼ਮੀ ਹੈ।

**ਵਿਸ਼ਾ-ਵਸਤੂ:**

ਵਿਸ਼ਾ-ਵਸਤੂ ਸਫ਼ਰਨਾਮੇ ਦਾ ਪਹਿਲਾ ਤੇ ਮਹੱਤਵਪੂਰਨ ਤੱਤ ਹੈ। ਹਰ ਸਫ਼ਰਨਾਮੇ

ਦਾ ਆਪਣਾ ਵਿਸ਼ੇਸ਼ ਵਿਸ਼ਾ-ਵਸਤੂ ਹੁੰਦਾ ਹੈ। ਇਹ ਵਿਸ਼ਾ ਵਸਤੂ ਧਾਰਮਿਕ ਯਾਤਰਾਵਾਂ, ਸੰਸਕ੍ਰਿਤਕ ਯਾਤਰਾਵਾਂ, ਇਤਿਹਾਸਕ ਯਾਤਰਾਵਾਂ, ਰਾਜਨੀਤਿਕ ਯਾਤਰਾਵਾਂ, ਭੂਗੋਲਿਕ ਯਾਤਰਾਵਾਂ ਆਦਿ ਨਾਲ ਸਬੰਧਿਤ ਹੋ ਸਕਦਾ ਹੈ। ਸਫ਼ਰਨਾਮੇ ਦੇ ਵਿਸ਼ੇ-ਵਸਤੂ ਦੇ ਅੰਤਰਗਤ ਕਿਸੇ ਵਿਸ਼ੇਸ਼ ਖ਼ਿੱਤੇ ਦੀਆਂ ਭੂਗੋਲਿਕ, ਸਮਾਜਕ, ਸੱਭਿਆਚਾਰਕ, ਸੰਸਕ੍ਰਿਤਕ, ਰਾਜਨੀਤਿਕ, ਆਰਥਿਕ ਸਥਿਤੀਆਂ/ਪਰਿਸਥਿਤੀਆਂ ਦਾ ਬਹੁ-ਪਰਿਪੇਖੀ ਗਿਆਨ ਆ ਜਾਂਦਾ ਹੈ। ਯਾਦ ਰੱਖਣਯੋਗ ਨੁਕਤਾ ਇਹ ਹੈ ਕਿ ਜ਼ਿਆਦਾਤਰ ਉਹੀ ਸਫ਼ਰਨਾਮੇ ਸਫ਼ਲ ਹੁੰਦੇ ਹਨ ਜਿਨ੍ਹਾਂ ਵਿਚ ਕਿਸੇ ਵਿਸ਼ੇਸ਼ ਖ਼ਿੱਤੇ ਦੀ ਬਹੁ-ਪਰਿਪੇਖੀ ਜਾਣਕਾਰੀ ਦਿੱਤੀ ਗਈ ਹੋਵੇ।

**ਭੂਗੋਲਿਕਤਾ/ਸਥਾਨਿਕਤਾ:**

ਭੂਗੋਲਿਕਤਾ ਜਾਂ ਸਥਾਨਿਕਤਾ ਸਫ਼ਰਨਾਮੇ ਦਾ ਦੂਸਰਾ ਮਹੱਤਵਪੂਰਨ ਤੱਤ ਹੈ। ਆਮ ਤੌਰ ’ਤੇ ਵੇਖਿਆ ਜਾਂਦਾ ਹੈ ਕਿ ਭੂਗੋਲਿਕਤਾ ਜਾਂ ਸਥਾਨਿਕਤਾ ਸਫ਼ਰਨਾਮੇ ਦਾ ਕੇਂਦਰੀ ਸਰੋਕਾਰ ਹੁੰਦਾ ਹੈ ਕਿਉਂਕਿ ਸਫ਼ਰਨਾਮੇ ਦਾ ਲੇਖਕ ਇਕ ਵਿਸ਼ੇਸ਼ ਭੂਗੋਲਿਕ ਖ਼ਿੱਤੇ ਤੋਂ ਕਿਸੇ ਦੂਜੇ ਭੂਗੋਲਿਕ ਖ਼ਿੱਤੇ ਵਿਚ ਯਾਤਰਾ ਕਰਦਾ ਹੈ। ਲੇਖਕ ਵੱਲੋਂ ਚੁਣੇ ਗਏ ਵਿਸ਼ੇਸ਼ ਖ਼ਿੱਤੇ ਦੀ ਭੂਗੋਲਿਕ ਜਾਣਕਾਰੀ ਸੁਣੀ-ਸੁਣਾਈ ਨਹੀਂ ਹੋਣੀ ਚਾਹੀਦੀ ਸਗੋਂ ਯਥਾਰਥਕ ਹੋਣੀ ਚਾਹੀਦੀ ਹੈ ਕਿਉਂਕਿ ਜੇ ਕਿਸੇ ਜਾਣਕਾਰੀ ਸਬੰਧੀ ਕੋਈ ਤੱਥ ਗ਼ਲਤ ਸਾਬਤ ਹੋ ਜਾਵੇ ਤਾਂ ਸਫ਼ਰਨਾਮੇ ਦਾ ਮਹੱਤਵ ਘੱਟ ਜਾਂਦਾ ਹੈ। ਇਸ ਲਈ ਸਫ਼ਰਨਾਮਾਕਾਰ ਦੇ ਲਈ ਸੁਚੇਤ ਪੱਧਰ ’ਤੇ ਵਿਚਰਨਾ ਲਾਜ਼ਮੀ ਹੋ ਜਾਂਦਾ ਹੈ।

**ਤੱਥਾਤਮਕਤਾ:**

ਤੱਥਾਤਮਕਤਾ ਵੀ ਸਫ਼ਰਨਾਮੇ ਦਾ ਅਹਿਮ ਤੱਤ ਹੈ। ਸਫ਼ਰਨਾਮੇ ਵਿਚ ਤੱਥਾਂ ਦਾ ਪ੍ਰਸਤੁਤੀਕਰਨ ਕੀਤਾ ਜਾਂਦਾ ਹੈ ਪਰੰਤੂ ਸਫ਼ਰਨਾਮੇ ਵਿਚ ਤੱਥਾਂ ਦਾ ਪ੍ਰਸਤੁਤੀਕਰਨ ਇਤਿਹਾਸ ਅਤੇ ਭੂਗੋਲ ਦੀਆਂ ਪੁਸਤਕਾਂ ਵਿਚਲੀ ਨੀਰਸ ਭਾਸ਼ਾ ਦੀ ਬਜਾਏ ਕਲਾਤਮਿਕ ਤੇ ਸਾਹਿਤਕ ਭਾਸ਼ਾ ਵਿਚ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਪਾਠਕ ਨੂੰ ਬਹੁ-ਪੱਖੀ ਜਾਣਕਾਰੀ ਦੇ ਨਾਲ-ਨਾਲ ਸਾਹਿਤਕ ਰਸ ਦਾ ਅਨੰਦ ਵੀ ਪ੍ਰਾਪਤ ਹੋ ਸਕੇ। ਕਈ ਵਾਰ ਸਫ਼ਰਨਾਮਾ ਤੱਥਾਤਮਕ ਸਚਾਈ ਦੀ ਸਟੀਕ ਪੇਸ਼ਕਾਰੀ ਕਾਰਨ ਵੀ ਬਹੁਤ ਮਕਬੂਲ ਹੋ ਜਾਂਦਾ ਹੈ।

**ਨਿੱਜਤਵ:**

ਲੇਖਕ ਦਾ ਨਿੱਜਤਵ ਵੀ ਸਫ਼ਰਨਾਮੇ ਦਾ ਮਹੱਤਵਪੂਰਨ ਤੱਤ ਹੈ। ਸਫ਼ਰਨਾਮੇ ਦੀ ਪੇਸ਼ਕਾਰੀ ਸਫ਼ਰਨਾਮਾਕਾਰ ਦੇ ਨਿੱਜਤਵ ਜਾਂ ਅਪਣੱਤ ਵਿਚ ਲਬਰੇਜ਼ ਹੋਣੀ ਚਾਹੀਦੀ ਹੈ। ਲੇਖਕ ਜਿਨ੍ਹਾਂ ਥਾਵਾਂ, ਦ੍ਰਿਸ਼ਾਂ, ਵਾਦੀਆਂ ਆਦਿ ਦੇ ਬਿਰਤਾਂਤ ਪੇਸ਼

ਕਰਦਾ ਹੈ, ਉਨ੍ਹਾਂ ਨਾਲ ਲੇਖਕ ਦੀ ਨਿੱਜੀ ਨੇੜਤਾ ਦਾ ਅਹਿਸਾਸ ਹੋਣਾ ਚਾਹੀਦਾ ਹੈ ਤਾਂ ਕਿ ਪਾਠਕ ਸਫ਼ਰਨਾਮੇ ਨਾਲ ਧੁਰ ਅੰਦਰੋਂ ਜੁੜ ਸਕੇ। "ਸਫ਼ਰਨਾਮਾਕਾਰ ਦਾ ਮੁੱਖ ਮੰਤਵ ਇਸ ਗੱਲ ਨੂੰ ਦਰਸਾਉਣਾ ਹੁੰਦਾ ਹੈ ਕਿ ਕਿਸੇ ਇਤਿਹਾਸਕ ਘਟਨਾ ਨੇ ਉਸ ਦੇ ਨਿੱਜੀ ਵਿਅਕਤਿਤਵ ਨੂੰ ਕਿਵੇਂ ਟੁੰਬਿਆ। ਇਸ ਤਰ੍ਹਾਂ ਇਕ ਸਫ਼ਰਨਾਮਾਕਾਰ ਆਪਣੇ ਨਿੱਜ ਦੀ ਸਾਂਝ ਆਪਣੇ ਪਾਠਕ ਨਾਲ ਪਵਾਉਂਦਾ ਹੈ। ਜਿੰਨੀ ਨੇੜਲੀ ਸਾਂਝ ਉਹ ਆਪਣੇ ਪਾਠਕ ਨਾਲ ਪੈਦਾ ਕਰ ਲਵੇਗਾ, ਉਨਾ ਹੀ ਉਹ ਵੱਧ ਸਫ਼ਲ ਸਫ਼ਰਨਾਮਾਕਾਰ ਹੋਵੇਗਾ।"[2] ਇਉਂ ਲੇਖਕ ਦੁਆਰਾ ਨਿੱਜੀ ਛੋਹਾਂ ਦੇਕੇ ਸਫ਼ਰਨਾਮੇ ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਇਆ ਜਾ ਸਕਦਾ ਹੈ।

**ਰੌਚਕਤਾ:**

ਰੋਚਕਤਾ ਸਫ਼ਰਨਾਮਾ ਵਿਧਾ ਦੇ ਕੇਂਦਰੀ ਤੱਤ ਵਜੋਂ ਕਾਰਜਸ਼ੀਲ ਰਹਿੰਦੀ ਹੈ। ਰੋਚਕਤਾ ਦੇ ਗੁਣ ਕਰਕੇ ਹੀ ਸਫ਼ਰਨਾਮਾ ਪਾਠਕ ਨੂੰ ਆਪਣੇ ਵੱਲ ਆਕਰਸ਼ਿਤ ਕਰਦਾ ਹੈ। ਰੋਚਕਤਾ ਦਾ ਗੁਣ ਹੀ ਸਫ਼ਰਨਾਮਾਕਾਰ ਨੂੰ ਯਾਤਰਾ ਨਿਗਰਾਨ ਵਜੋਂ ਤਸਦੀਕ ਕਰਦਾ ਹੈ। ਰੋਚਕਤਾ ਪੈਦਾ ਕਰਨ ਲਈ ਸਫ਼ਰਨਾਮਾਕਾਰ, ਸਫ਼ਰਨਾਮੇ ਵਿਚ ਸਥਿਤੀਆਂ ਅਨੁਸਾਰ ਦੰਤ ਕਥਾਵਾਂ, ਰੋਚਕ ਸਿਰਲੇਖਾਂ ਅਤੇ ਅਚਾਨਕ ਵਾਪਰੀਆਂ ਘਟਨਾਵਾਂ ਦੇ ਮੌਕਾ-ਮੇਲ ਰਾਹੀਂ ਸਫ਼ਰ ਦੇ ਬਿਰਤਾਂਤ ਸਿਰਜਦਾ ਹੈ। ਇਹ ਬਿਰਤਾਂਤਕ ਵੇਰਵੇ ਸਫ਼ਰਨਾਮੇ ਵਿਚ ਪਾਠਕ ਦੀ ਰੁਚੀ ਨੂੰ ਵਧਾਉਂਦੇ ਹਨ।

**ਕਲਪਨਾ:**

ਕਲਪਨਾ ਵੀ ਸਫ਼ਰਨਾਮੇ ਦਾ ਅਹਿਮ ਤੱਤ ਹੈ। ਸਫ਼ਰਨਾਮੇ ਵਿਚ ਕਲਪਨਾ ਦੀ ਵਰਤੋਂ ਭਾਵੇਂ ਬਹੁਤੀ ਨਹੀਂ ਕੀਤੀ ਜਾ ਸਕਦੀ ਕਿਉਂਕਿ ਸਫ਼ਰਨਾਮਾ ਇੱਕ ਤੱਥਾਤਮਕ ਵਿਧਾ ਹੈ ਪਰੰਤੂ ਇਸ ਤੱਤ ਦੀ ਅੰਸ਼ਿਕ ਵਰਤੋਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਸਫ਼ਰ ਦੌਰਾਨ ਵੇਖੇ ਬਹੁਤ ਸਾਰੇ ਦ੍ਰਿਸ਼ਾਂ ਨੂੰ ਕਲਪਨਾ ਦੇ ਸਹਾਰੇ ਹੀ ਪੇਸ਼ ਕੀਤਾ ਜਾ ਸਕਦਾ ਹੈ। ਸਫ਼ਰਨਾਮੇ ਵਿਚ ਕਲਪਨਾ ਦੇ ਤੱਤ ਜ਼ਰੀਏ ਸਮਕਾਲੀ ਤੇ ਭੋਗੇ ਹੋਏ ਵਸਤੂ-ਯਥਾਰਥ ਨੂੰ ਅਗਰਭੂਮੀ 'ਤੇ ਲਿਆਇਆ ਜਾਂਦਾ ਹੈ। ਕਲਪਨਾ ਜ਼ਰੀਏ ਲੇਖਕ ਸਫ਼ਰਨਾਮੇ ਵਿਚ ਸਾਹਿਤ-ਸੁਹਜ ਦੀ ਸਿਰਜਣਾ ਕਰਦਾ ਰਹਿੰਦਾ ਹੈ।

**ਭਾਸ਼ਾ ਤੇ ਸ਼ੈਲੀ:**

ਭਾਸ਼ਾ ਤੇ ਸ਼ੈਲੀ ਸਫ਼ਰ ਦੇ ਹਾਲ ਨੂੰ ਕਲਾਤਮਿਕਤਾ ਪ੍ਰਦਾਨ ਕਰਨ ਵਾਲਾ ਤੱਤ ਹੈ। ਸਫ਼ਰਨਾਮੇ ਦੀ ਭਾਸ਼ਾ ਸਰਲ ਅਤੇ ਪ੍ਰਭਾਵਸ਼ਾਲੀ ਹੋਣੀ ਚਾਹੀਦੀ ਹੈ। ਭਾਸ਼ਾ ਜਿੰਨੀ ਸਰਲ ਅਤੇ ਸੌਖੀ ਹੋਵੇਗੀ, ਸਫ਼ਰਨਾਮਾ ਉਨਾਂ ਹੀ ਪਾਠਕ ਵਰਗ ਵਿਚ ਹਰਮਨ ਪਿਆਰਾ ਹੋਵੇਗਾ। ਇਸ ਲਈ ਸਫ਼ਰਨਾਮੇ ਦੀ ਭਾਸ਼ਾ ਸਰਲ, ਸਪੱਸ਼ਟ ਤੇ ਮੁਹਾਵਰੇਦਾਰ

ਹੋਣੀ ਚਾਹੀਦੀ ਹੈ।

ਸਫ਼ਰਨਾਮੇ ਦੀ ਸ਼ੈਲੀ ਵੀ ਪ੍ਰਭਾਵਸ਼ਾਲੀ ਹੋਣੀ ਚਾਹੀਦੀ ਹੈ ਤਾਂ ਕਿ ਪਾਠਕ ਨੂੰ ਆਪਣਾ ਆਪ ਉਨ੍ਹਾਂ ਦਿਸਹੱਦਿਆਂ ਤੱਕ ਫੈਲਦਾ ਅਨੁਭਵ ਹੋਵੇ ਜਿਨ੍ਹਾਂ ਬਾਰੇ ਸਫ਼ਰਨਾਮਾ ਲਿਖਿਆ ਗਿਆ ਹੋਵੇ। ਇਉਂ ਸਫ਼ਰਨਾਮੇ ਦੀ ਸ਼ੈਲੀ ਸਰਲ, ਸਪੱਸ਼ਟ ਤੇ ਸੰਜਮੀ ਲਹਿਜੇ ਨਾਲ ਭਾਵਾਂ ਤੇ ਵਿਚਾਰਾਂ ਨੂੰ ਪੇਸ਼ ਕਰਨ ਵਾਲੀ ਹੋਣੀ ਚਾਹੀਦੀ ਹੈ। ਸਫ਼ਰਨਾਮਾਕਾਰ, ਸਫ਼ਰਨਾਮੇ ਨੂੰ ਰੌਚਕ ਤੇ ਪ੍ਰਭਾਵਸ਼ਾਲੀ ਬਣਾਉਣ ਲਈ ਹਸਾਉਣੀ, ਕਟਾਖਸ਼ਮਈ, ਬਿਰਤਾਂਤਕ, ਗੰਭੀਰ, ਨਾਟਕੀ, ਕਾਵਿਮਈ, ਭਾਵੁਕ, ਸਰਲ ਆਦਿ ਸ਼ੈਲੀਆਂ ਦੀ ਵਰਤੋਂ ਕਰਦਾ ਹੈ।

**ਲੇਖਕ ਦੀ ਸ਼ਖ਼ਸੀਅਤ:**

ਸਫ਼ਰਨਾਮੇ ਦੀ ਮਕਬੂਲੀਅਤ ਲੇਖਕ ਦੀ ਸ਼ਖ਼ਸ਼ੀਅਤ ਉੱਤੇ ਵੀ ਨਿਰਭਰ ਕਰਦੀ ਹੈ ਕਿਉਂਕਿ ਸਫ਼ਰਨਾਮਾ ਲੇਖਕ ਦੇ ਹੱਡੀਂ-ਹੰਢਾਏ ਪਲਾਂ ਦਾ ਬਿਰਤਾਂਤ ਹੁੰਦਾ ਹੈ। ਇਸ ਲਈ ਜਿਹੋ-ਜਿਹੀ ਲੇਖਕ ਦੀ ਸ਼ਖ਼ਸੀਅਤ ਹੋਵੇਗੀ ਉਹੋ-ਜਿਹਾ ਹੀ ਸਫ਼ਰਨਾਮਾ ਪੈਦਾ ਹੋਵੇਗਾ। ਸਫ਼ਰਨਾਮੇ ਵਿਚ ਪੇਸ਼ ਹੋਇਆ ਦ੍ਰਿਸ਼ਟੀਕੋਣ ਲੇਖਕ ਦਾ ਨਿੱਜੀ ਦ੍ਰਿਸ਼ਟੀਕੋਣ ਹੁੰਦਾ ਹੈ ਜਿਸ ਨੂੰ ਉਹ ਸਮੂਹ ਪਾਠਕਾਂ ਦੇ ਦ੍ਰਿਸ਼ਟੀਕੋਣ ਵਿਚ ਪਰਿਵਰਤਿਤ ਕਰਨ ਦਾ ਉੱਦਮ ਕਰਦਾ ਹੈ। ਇਸ ਲਈ ਸਫ਼ਰਨਾਮਾਕਾਰ ਦਾ ਬੁੱਧੀਮਾਨ, ਗਿਆਨਵਾਨ ਅਤੇ ਬਹੁ-ਪੱਖੀ ਸ਼ਖ਼ਸੀਅਤ ਦਾ ਮਾਲਕ ਹੋਣਾ ਲਾਜ਼ਮੀ ਹੈ। ਲੇਖਕ ਨੂੰ ਭੂਗੋਲ, ਇਤਿਹਾਸ, ਸੱਭਿਆਚਾਰ, ਗਿਆਨ-ਵਿਗਿਆਨ, ਸਾਹਿਤ ਅਤੇ ਹੋਰ ਕਲਾਵਾਂ ਦਾ ਗਿਆਨ ਹੋਣਾ ਜ਼ਰੂਰੀ ਹੈ ਤਾਂ ਕਿ ਉਹ ਆਪਣੇ ਖ਼ਿੱਤੇ/ਦੇਸ਼ ਦੇ ਹੋਰ ਖਿੱਤਿਆਂ/ਦੇਸ਼ਾਂ ਨਾਲ ਅੰਤਰ-ਸੰਬੰਧਾਂ ਅਤੇ ਅੰਤਰ-ਵਿਰੋਧਾਂ ਸਬੰਧੀ ਪਾਠਕਾਂ ਨੂੰ ਸਹੀ ਸੇਧ ਪ੍ਰਦਾਨ ਕਰ ਸਕੇ।

**ਉਦੇਸ਼:**

ਹਰ ਸਾਹਿਤਿਕ ਕਿਰਤ ਵਾਂਗ ਸਫ਼ਰਨਾਮੇ ਦਾ ਵੀ ਉਦੇਸ਼ ਹੁੰਦਾ ਹੈ। ਮੁੱਢਲੇ ਦੌਰ ਵਿਚ ਸਫ਼ਰਨਾਮੇ ਦੇ ਉਦੇਸ਼ ਸੀਮਿਤ ਰਹੇ ਹਨ ਪਰੰਤੂ ਅਜੋਕੇ ਦੌਰ ਵਿਚ ਇਹ ਵਿਆਪਕ ਹੋ ਗਏ ਹਨ। ਮੁੱਢਲੇ ਦੌਰ ਵਿਚ ਜ਼ਰੂਰੀ ਵਸਤਾਂ ਦੀ ਪੂਰਤੀ, ਮੱਧਕਾਲ ਵਿਚ ਧਰਮ-ਪ੍ਰਚਾਰ, ਵਪਾਰ ਅਤੇ ਖੋਜ ਪ੍ਰਵਿਰਤੀ ਤੇ ਗਿਆਨ ਪ੍ਰਾਪਤੀ, ਸਫ਼ਰ ਦਾ ਉਦੇਸ਼ ਰਿਹਾ ਪਰੰਤੂ ਅਜੋਕੇ ਦੌਰ ਵਿਚ ਸਫ਼ਰਨਾਮੇ ਦੇ ਉਦੇਸ਼ ਬਹੁ-ਪੱਖੀ ਤੇ ਬਹੁ-ਉਦੇਸ਼ੀ ਹੋ ਗਏ ਹਨ। ਸਫ਼ਰਨਾਮੇ ਦਾ ਮੁੱਖ ਉਦੇਸ਼ ਪਾਠਕਾਂ ਨੂੰ ਆਪਣੇ ਦੇਸ਼ ਦੇ ਵਿਭਿੰਨ ਖ਼ਿੱਤਿਆਂ ਜਾਂ ਵਿਦੇਸ਼ੀ ਮੁਲਕਾਂ ਦੇ ਸਮਾਜਿਕ, ਆਰਥਿਕ, ਰਾਜਨੀਤਿਕ, ਧਾਰਮਿਕ ਅਤੇ ਸੱਭਿਆਚਾਰਕ ਸਰੋਕਾਰਾਂ ਸਬੰਧੀ ਬਹੁ-ਪੱਖੀ ਜਾਣਕਾਰੀ ਮੁਹੱਈਆ ਕਰਵਾਉਣਾ ਹੈ। ਇਹ ਜਾਣਕਾਰੀ ਜਿੱਥੇ ਪਾਠਕ ਦੇ ਦ੍ਰਿਸ਼ਟੀਕੋਣ ਨੂੰ ਵਿਸ਼ਾਲਤਾ ਪ੍ਰਦਾਨ ਕਰਦੀ ਹੈ,

ਉੱਥੇ ਉਸ ਅੰਦਰ ਨਵੇਂ ਭੂ-ਖੰਡਾਂ ਨੂੰ ਗਾਹੁਣ ਦੀ ਜਗਿਆਸਾ ਵੀ ਪੈਦਾ ਕਰਦੀ ਹੈ।

ਇਉਂ ਸਫ਼ਰਨਾਮਾ ਆਧੁਨਿਕ ਸਾਹਿਤ ਦੀ ਮਹੱਤਵਪੂਰਨ ਤੇ ਪ੍ਰਭਾਵਸ਼ਾਲੀ ਵਾਰਤਕ ਵੰਨਗੀ ਹੈ ਜੋ ਵਿਸ਼ਾ-ਵਸਤੂ, ਭੂਗੋਲਿਕਤਾ, ਤੱਥਾਤਮਕਤਾ, ਨਿੱਜਤਵ, ਵਿਅਕਤੀਤਵ, ਰੌਚਕਤਾ, ਲੇਖਕ ਦੀ ਸ਼ਖ਼ਸੀਅਤ, ਕਲਪਨਾ, ਭਾਸ਼ਾ ਤੇ ਸ਼ੈਲੀ, ਉਦੇਸ਼ ਆਦਿ ਤੱਤਾਂ ਦੇ ਆਧਾਰ 'ਤੇ ਹੋਂਦ ਗ੍ਰਹਿਣ ਕਰਦੀ ਹੈ। ਕਿਸੇ ਨਵੇਂ ਲੇਖਕ ਜਾਂ ਯਾਤਰੀ ਲਈ ਸਫ਼ਰ ਦੌਰਾਨ ਇਨ੍ਹਾਂ ਤੱਤਾਂ ਦਾ ਧਿਆਨ ਧਰਨਾ ਲਾਹੇਵੰਦ ਹੋ ਸਕਦਾ ਹੈ। ਇਨ੍ਹਾਂ ਤੱਤਾਂ ਦੇ ਸਹਾਰੇ ਕੋਈ ਯਾਤਰੀ ਆਪਣੇ ਅਨੁਭਵਾਂ ਅਤੇ ਪ੍ਰਭਾਵਾਂ ਨੂੰ ਪ੍ਰਭਾਵਸ਼ਾਲੀ ਸਫ਼ਰਨਾਮੇ ਵਿਚ ਢਾਲ ਸਕਦਾ ਹੈ।

## ਟਿੱਪਣੀਆਂ ਅਤੇ ਹਵਾਲੇ


1. ਡਾ. ਰਛਪਾਲ ਕੌਰ, ਪੰਜਾਬੀ ਸਫ਼ਰਨਾਮਾ: ਸਰੂਪ, ਸਿਧਾਂਤ ਤੇ ਵਿਕਾਸ, ਪੰਨਾ-03
2. ਪ੍ਰੋ. ਪਿਆਰਾ ਸਿੰਘ, ਪੰਜਾਬੀ ਵਾਰਤਕ: ਸਰੂਪ, ਸਿਧਾਂਤ ਤੇ ਵਿਕਾਸ, ਪੰਨਾ-27



**ਡਾ. ਹਰਜਿੰਦਰ ਸਿੰਘ**

ਪੰਜਾਬੀ ਅਤੇ ਡੋਗਰੀ ਵਿਭਾਗ

ਹਿਮਾਚਲ ਪ੍ਰਦੇਸ਼ ਕੇਂਦਰੀ ਯੂਨੀਵਰਸਿਟੀ,

ਧਰਮਸ਼ਾਲਾ (ਹਿ. ਪ੍ਰ.)